ਸੰਖੇਪ ਰਿਪੋਰਟ

# ਡਾ. ਪ੍ਰੇਮ ਪ੍ਰਕਾਸ਼ ਸਿੰਘ ਸਿਮਰਤੀ ਗ੍ਰੰਥ ਰਿਲੀਜ਼ ਸਮਾਰੋਹ, ਸਰੀ (ਕੈਨੇਡਾ)

ਵਿਰਾਸਤ ਫਾਊਂਡੇਸ਼ਨ ਸਰੀ / ਵੈਨਕੂਵਰ, ਸਾਊਥ ਏਸ਼ੀਅਨ ਰੀਵੀਊ ਪ੍ਰਿੰਸ ਜਾਰਜ ਅਤੇ ਪੰਜਾਬੀ ਸੱਥ, ਲਾਂਬੜਾ ਦੁਆਰਾ 12 ਨਵੰਬਰ 2005 ਨੂੰ ਧਾਲੀਵਾਲ ਹਾਲ ਸਰੀ ਵਿਖੇ ਡਾ. ਪ੍ਰੇਮ ਪ੍ਰਕਾਸ਼ ਸਿੰਘ ਦੀ ਦੂਜੀ ਬਰਸੀ ਦੇ ਮੌਕੇ ਇਕ ਯਾਦਗਾਰੀ ਸਮਾਰੋਹ ਆਯੋਜਿਤ ਕੀਤਾ ਗਿਆ ਜਿਸ ਵਿਚ **ਡਾ. ਪ੍ਰੇਮ ਪ੍ਰਕਾਸ਼ ਸਿੰਘ ਸਿਮਰਤੀ ਗ੍ਰੰਥ** ਦੀ ਡਾ. ਕਰਨੈਲ ਸਿੰਘ ਦੁਆਰਾ ਸੰਪਾਦਿਤ ਦੂਜੀ ਐਡੀਸ਼ਨ ਰਿਲੀਜ਼ ਕੀਤੀ ਗਈ। ਲਗ ਪਗ ਚਾਰ ਸੌ ਸਰੋਤਿਆਂ ਨਾਲ ਭਰੇ ਹਾਲ ਵਿਚ ਭੁਪਿੰਦਰ ਸਿੰਘ ਮੱਲ੍ਹੀ, ਪ੍ਰਧਾਨ ਵਿਰਾਸਤ ਫਾਊਂਡੇਸ਼ਨ ਨੇ ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਦੀ ਬਹੁ-ਪੱਖੀ ਸ਼ਖਸੀਅਤ ਦੇ ਹਵਾਲੇ ਨਾਲ ਸਾਹਿਤਕਾਰਾਂ, ਵਿਦਵਾਨਾਂ, ਮੀਡੀਏ ਦੇ ਨੁਮਾਇੰਦਿਆਂ ਅਤੇ ਵੱਖ ਵੱਖ ਥਾਂਵਾਂ ਤੋਂ ਪੁੱਜੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ ਅਤੇ ਸਮਾਰੋਹ ਸੰਬੰਧੀ ਲੋੜੀਂਦੀ ਜਾਣਕਾਰੀ ਦਿੱਤੀ। ਇਸ ਉਪਰੰਤ ਸਮਾਗਮ ਦੀ ਕਾਰਵਾਈ ਬਕਾਇਦਾ ਸ਼ੁਰੂ ਹੋਈ।



ਮੈਡਮ ਸੈਂਡਰਾ ਸਮਿਥ ਸੰਚਾਲਕ ਆਈ. ਐਸ. ਸੀ. ਕੈਨੇਡਾ ਅਤੇ ਅਮਰੀਕਾ ਤੋਂ ਪੁੱਜੇ "ਅਕਾਦਮੀ ਆਫ ਪੰਜਾਬ ਇਨ ਨਾਰਥ ਅਮਰੀਕਾ" (ਅਪਨਾ) ਦੇ ਡਾਇਰੈਕਟਰ ਡਾ. ਮੰਨਜ਼ੂਰ ਇਜਾਜ਼ ਨੇ ਡਾਇਸ ਉਪਰ ਸਜਾਏ ਸਿਮਰਤੀ ਗ੍ਰੰਥ ਤੋਂ ਪਰਦਾ ਹਟਾ ਕੇ ਤਾੜੀਆਂ ਦੀ ਗੂੰਜ ਵਿਚ ਉਸ ਨੂੰ ਰਿਲੀਜ਼ ਕੀਤਾ। ਇਸ ਉਪਰੰਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਾਬਕਾ ਪ੍ਰੋਫੈਸਰ ਤੇ ਰਜਿਸਟਰਾਰ ਡਾ. ਕਰਨੈਲ ਸਿੰਘ ਥਿੰਦ ਨੇ ਡਾ. ਪ੍ਰੇਮ ਪ੍ਰਕਾਸ਼ ਸਿੰਘ ਦੇ ਜੀਵਨ, ਸ਼ਖਸੀਅਤ ਤੇ ਚਾਨਣਾ ਪਾਇਆ ਅਤੇ **ਡਾ. ਪ੍ਰੇਮ ਪ੍ਰਕਾਸ਼ ਸਿੰਘ ਸਿਮਰਤੀ ਗ੍ਰੰਥ** ਦੀ ਰੂਪ- ਰੇਖਾ; ਇਸ ਗ੍ਰੰਥ ਵਿਚ ਸ਼ਾਮਲ 125 ਤੋਂ ਉਪਰ ਵਿਦਵਾਨਾਂ ਅਤੇ ਸਨੇਹੀਆਂ ਦੇ ਸੰਦੇਸ਼ਾਂ, ਸਿਮਰਤੀਆਂ ਅਤੇ ਭਾਸ਼ਾ ਵਿਗਿਆਨ, ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ, ਆਲੋਚਨਾ, ਡਿਕਸ਼ਨਰੀਆਂ ਆਦਿ ਸੰਬੰਧੀ ਉਨ੍ਹਾਂ ਦੀ ਦੇਣ ਤੋਂ ਜਾਣੂ ਕਰਾਇਆ। ਉਨ੍ਹਾਂ ਇਹ ਵੀ ਦਸਿਆ ਕਿ **ਡਾ. ਪ੍ਰੇਮ ਪ੍ਰਕਾਸ਼ ਸਿੰਘ ਸਿਮਰਤੀ ਗ੍ਰੰਥ** ਵਿਚ ਪੰਜਾਬੀ ਤੋਂ ਛੁੱਟ ਹਿੰਦੀ ਅਤੇ ਅੰਗਰੇਜ਼ੀ ਵਿਚ ਵੀ ਰਚਨਾਵਾਂ ਸ਼ਾਮਲ ਹਨ। ਮੈਡਮ ਸੈਂਡਰਾ ਸਮਿਥ ਅਨੁਸਾਰ ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਪੰਜਾਬੀ ਭਾਸ਼ਾ ਸੰਬੰਧੀ ਬਹੁਤ ਹੀ ਵਡਮੁੱਲਾ ਯੋਗਦਾਨ ਪਾਇਆ ਹੈ ਅਤੇ ਹੁਣ ਉਹ ਪੰਜਾਬੀ ਕੌਮ ਅਤੇ ਪੰਜਾਬੀ ਦਰਸ਼ਨ ਸੰਬੰਧੀ ਕੰਮ ਕਰਨ ਦੀ ਯੋਜਨਾ ਬਣਾ ਰਹੇ ਸਨ ਕਿ ਦੋ ਸਾਲ ਪਹਿਲਾਂ ਉਹ ਸਾਡੇ ਪਾਸੋਂ ਹਮੇਸ਼ਾ ਲਈ ਵਿੱਛੜ ਗਏ। ਡਾ. ਮੰਨਜ਼ੂਰ ਇਜਾਜ਼ ਨੇ ਕਿਹਾ ਕਿ ਡਾ ਪ੍ਰੇਮ ਪ੍ਰਕਾਸ਼ ਸਿੰਘ ਇਕ ਅਜੇਹੇ ਬੋਹੜ ਦੀ ਨਿਆਈਂ ਸਨ ਜਿਸ ਦੀ ਛਾਂ ਹੇਠ ਕਈ ਵਿਦਵਾਨ, ਭਾਸ਼ਾ ਮਾਹਿਰ ਅਤੇ ਵਿਦਿਆਰਥੀ ਪ੍ਰਫੁਲਿਤ ਹੋਏ। ਡਾ. ਸਵਰਾਜ ਸਿੰਘ ਨੇ ਦਸਿਆ ਕਿ ਜਿੱਥੇ ਬਹੁਤੇ ਵਿਦਵਾਨਾਂ ਦੀ ਦੌੜ ਪੱਛਮ ਵੱਲ ਹੈ, ਪ੍ਰੋ. ਪ੍ਰੇਮ ਪ੍ਰਕਾਸ਼ ਸਿੰਘ ਦੀ ਵਿਚਾਰ ਧਾਰਾ ਦਾ ਆਧਾਰ ਪੂਰਬੀ ਚਿੰਤਨ ਸੀ। ਇਕ ਦਰਜਨ ਤੋਂ ਉੱਪਰ ਹੋਰ ਵਿਦਵਾਨਾਂ ਨੇ ਡਾ. ਪ੍ਰੇਮ ਪ੍ਰਕਾਸ਼ ਸਿੰਘ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਉਸ ਨੂੰ ਪੂਰਨ ਭਾਸ਼ਾ ਵਿਗਿਆਨੀ, ਸਾਹਿਤਾਚਾਰੀਆ, ਅਦੁੱਤੀ ਵਿਦਵਤਾ ਦਾ ਸ਼ਾਂਤ ਸਮੁੰਦਰ, ਗਿਆਨ ਦਾ ਉੱਚਾ ਚਾਨਣ ਮੁਨਾਰਾ ਅਤੇ ਭਾਸ਼ਾ ਵਿਗਿਆਨ, ਪੰਜਾਬੀ ਭਾਸ਼ਾ ਅਤੇ ਸਾਹਿਤ- ਆਲੋਚਨਾ ਦੇ ਖੇਤਰਾਂ ਵਿਚ ਇਕ ਮੀਲ ਪੱਥਰ ਦੱਸਿਆ। ਪੰਜਾਬੀ ਸੱਥ ਲਾਂਬੜਾ ਦੀ ਨੁਮਾਇੰਦਾ ਬੀਬੀ ਸਵਰਨ ਕੌਰ ਨੇ ਜਾਣਕਾਰੀ ਦਿੱਤੀ ਕਿ ਸੱਥ ਵਲੋਂ ਡਾ. ਸਾਹਿਬ ਦੀ ਯਾਦ ਵਿਚ ਵਾਰਸ਼ਿਕ ਪੁਰਸਕਾਰ ਜਾਰੀ ਕਰਨ ਦਾ ਫੈਸਲਾ ਲਿਆ ਗਿਆ ਹੈ। ਸੰਗੀਤਕਾਰ ਅਬੀਨਾਸ਼ ਮਹਿਰਾ ਨੇ ਡਾ. ਪ੍ਰੇਮ

ਪ੍ਰਕਾਸ਼ ਸਿੰਘ ਦੁਆਰਾ ਲਿਖੇ ਗਏ ਦੋ ਗੀਤ ਗਾ ਕੇ ਸਾਰੇ ਮਾਹੌਲ ਨੂੰ ਸੰਗੀਤਮਈ ਬਣਾ ਦਿੱਤਾ। ਅਮਰਜੀਤ ਸਿੰਘ ਨੇ ਤਬਲੇ ਉੱਪਰ ਉਨ੍ਹਾਂ ਦੀ ਸੰਗਤ ਕੀਤੀ।

ਪਹਿਲੇ ਸੈਸ਼ਨ ਦੇ ਅਖੀਰ ਵਿਚ ਸਾਊਥ ਏਸ਼ੀਅਨ ਰੀਵੀਊ ਦੇ ਸੰਪਾਦਕ ਸੁੱਚਾ ਸਿੰਘ ਦੀਪਕ ਨੇ ਡਾ. ਪ੍ਰੇਮ ਪ੍ਰਕਾਸ਼ ਸਿੰਘ ਸੰਬੰਧੀ ਆਯੋਜਿਤ ਕੀਤੇ ਗਏ ਸਿਮਰਤੀ ਸਮਾਰੋਹ ਵਿਚ ਸ਼ਾਮਲ ਹੋਈ ਸੰਗਤ ਦਾ ਧੰਨਵਾਦ ਕੀਤਾ ਅਤੇ ਦੱਸਿਆ ਕਿ ਡਾ. ਪ੍ਰੇਮ ਪ੍ਰਕਾਸ਼ ਸਿੰਘ ਪ੍ਰਿੰਸ ਜਾਰਜ ਵਿਖੇ ਦੋ ਸਾਲ ਪਹਿਲਾਂ ਹੋਈ ਦੂਜੀ ਵਿਸ਼ਵ ਪੰਜਾਬੀ ਕਾਨਫਰੰਸ ਦੇ ਸਰਪ੍ਰਸਤ ਸਨ ਅਤੇ ਉਨ੍ਹਾਂ ਨੇ ਭੁਪਿੰਦਰ ਮੱਲ੍ਹੀ ਤੇ ਡਾ. ਜਸਪਾਲ ਸਿੰਘ ਨਾਲ ਮਿਲ ਕੇ ਡਾ. ਪ੍ਰੇਮ ਪ੍ਰਕਾਸ਼ ਸਿੰਘ ਲਈ ਇਕ ਯੋਜਨਾ ਬਣਾਈ ਸੀ, ਪਰੰਤੂ ਡਾ. ਸਾਹਿਬ ਦੇ ਅਚਾਨਕ ਤੁਰ ਜਾਣ ਨਾਲ ਉਹ ਇਕ ਵਿਦਵਾਨ ਦੇ ਸਹਿਯੋਗ ਤੇ ਅਗਵਾਈ ਤੋਂ ਵਾਂਝੇ ਗਏ ਹਨ। ਸੁੱਚਾ ਦੀਪਕ ਨੇ **ਡਾ. ਪ੍ਰੇਮ ਪ੍ਰਕਾਸ਼ ਸਿੰਘ ਸਿਮਰਤੀ ਗ੍ਰੰਥ** ਨੂੰ ਇਕ ਇਤਿਹਾਸਿਕ ਦਸਤਾਵੇਜ਼ ਦੱਸਿਆ। ਇਸ ਮੌਕੇ ਤੇ ਵੈਨਕੂਵਰ/ ਸਰੀ ਦੀ ਸਮੁੱਚੀ ਪੰਜਾਬੀ ਕਮਿਊਨਿਟੀ ਵਲੋਂ ਡਾ. ਕਰਨੈਲ ਸਿੰਘ ਥਿੰਦ ਨੂੰ ਵਡਮੁੱਲਾ ਸਿਮਰਤੀ ਗ੍ਰੰਥ ਸੰਪਾਦਿਤ ਕਰਨ ਤੇ ਗੋਲਡ ਮੈਡਲ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।

ਚਾਹ ਦੇ ਵਕਫ਼ੇ ਤੋਂ ਪਿੱਛ ਸਮਾਰੋਹ ਦੇ ਦੂਜੇ ਸੈਸ਼ਨ ਵਿਚ ਡਾ. ਮੰਨਜ਼ੂਰ ਇਜਾਜ਼ ਨੇ ਡਾ. ਪ੍ਰੇਮ ਪ੍ਰਕਾਸ਼ ਸਿੰਘ ਨੂੰ ਸਮਰਪਿਤ **ਹੀਰ ਵਾਰਿਸ ਸ਼ਾਹ** ਬਾਰੇ ਸੈਮੀਨਾਰ ਪੇਸ਼ ਕਰਦਿਆਂ ਹੀਰ ਰਾਂਝੇ ਦੀ ਗਾਥਾ ਦਾ ਸਮਾਜਿਕ-ਸਭਿਆਚਾਰਕ ਨਜ਼ਰੀਏ ਤੋਂ ਵਿਸ਼ਲੇਸ਼ਣ ਕੀਤਾ ਅਤੇ ਕਈ ਨਵੇਂ ਨੁਕਤੇ ਸਾਹਮਣੇ ਲਿਆਂਦੇ। ਸਰੋਤਿਆਂ ਨੇ ਚਰਚਾ ਵਿਚ ਹਿੱਸਾ ਲੈਂਦਿਆਂ ਬਹੁਤ ਹੀ ਦਿਲਚਸਪ ਪ੍ਰਸ਼ਨ ਉਠਾਏ। ਬਹਿਸ ਨੂੰ ਸਮੇਟਦਿਆਂ ਡਾ. ਥਿੰਦ ਨੇ ਕਿਹਾ ਕੇ ਜਿੱਥੇ ਭਾਸ਼ਾ ਵਿਗਿਆਨ ਅਤੇ ਪੰਜਾਬੀ ਭਾਸ਼ਾ ਸੰਬੰਧੀ ਡਾ. ਪ੍ਰੇਮ ਪ੍ਰਕਾਸ਼ ਸਿੰਘ ਦੀ ਖੋਜ ਨੂੰ ਮੁੱਖ ਰੱਖ ਕੇ ਉਨ੍ਹਾਂ ਨੂੰ ਅਜੋਕੇ ਯੁਗ ਦਾ ਪਾਣਿਨੀ ਮੰਨਿਆਂ ਜਾਂਦਾ ਹੈ ਉੱਥੇ ਵਾਰਿਸ ਸ਼ਾਹ ਰਚਿਤ ਹੀਰ ਰਾਂਝੇ ਦੇ ਕਿੱਸੇ ਦੀ ਰਚਨਾ ਕਾਰਨ ਵਾਰਿਸ ਸ਼ਾਹ ਨੂੰ ਸ਼ੈਖਸਪੀਅਰ ਨਾਲ ਤੁਲਨਾ ਦਿੱਤੀ ਜਾਂਦੀ ਹੈ।

ਇਸ ਸਮਾਗਮ ਵਿਚ ਡਾ. ਪ੍ਰੇਮ ਪ੍ਰਕਾਸ਼ ਸਿੰਘ ਦੀ ਅੰਤਲੀ ਰਚਨਾ: **ਪੰਜਾਬੀ ਭਾਸ਼ਾ ਦਾ ਜਨਮ ਤੇ ਵਿਕਾਸ** ਅਤੇ ਡਾ. ਸੁਖਪਾਲ ਸਿੰਘ ਥਿੰਦ ਦੁਆਰਾ ਲਿਖਿਆ ਗਿਆ ਸਫ਼ਰਨਾਮਾ **ਕੈਨੇਡਾ: ਇਕ ਬਾਗ ਬਹੁਰੰਗੀ** ਨੂੰ ਰਿਲੀਜ਼ ਕੀਤਾ ਗਿਆ। ਸਮਾਰੋਹ ਵਿਚ ਹਾਜ਼ਰ ਸਰੋਤਿਆਂ ਨੇ ਅੰਮ੍ਰਿਤਾ ਪ੍ਰੀਤਮ ਦੇ ਸਦੀਵੀ ਵਿਛੋੜਾ ਦੇ ਜਾਣ ਤੇ ਦੋ ਮਿੰਟਾਂ ਲਈ ਖੜੇ ਹੋ ਕੇ ਉਨ੍ਹਾਂ ਦੀ ਯਾਦ ਵਿਚ ਸ਼ਰਧਾਂਜਲੀ ਭੇਂਟ ਕੀਤੀ।